(i) Printed Pages : 3 Roll No. ..................................

(ii) Questions : 7

**Sub. Code : 0 8 6 7**

**Exam. Code : 0 0 2 2**

**Bachelor of Business Administration 2nd Semester**

**(2042)**

# PUNJABI

**Paper : BBA–121A**

**Time Allowed : Three Hours]** **[Maximum Marks : 45**

**ਨੋਟ :–** (1) **ਸਾਰੇ** ਸਵਾਲ ਲਾਜ਼ਮੀ ਹਨ।

(2) ਇੱਕ ਸਵਾਲ ਦੇ ਸਾਰੇ ਭਾਗ, ਇਕੱਠੇ ਇੱਕੋ ਜਗ੍ਹਾ ਹੱਲ ਕੀਤੇ ਜਾਣ।

1. ਹੇਠ ਲਿਖੇ ਕਾਵਿ ਬੰਦਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਜਦ ਲੱਗ ਕੇ ਨਵੇਂ ਨਜ਼ਾਰੇ ਵੱਲ
ਤੂੰ ਭੁੱਲ ਜਾਵੇਂਗੀ ਹੋਂਦ ਮੇਰੀ।
ਤਾਂ ਡਰਦਾ ਹਾਂ ਗਮ ਸ਼ਕਤੀ ਇਹ
ਜਿੰਨੀ ਹੀ ਜੇਤੂ ਦਿਸਦੀ ਹੈ
ਉਸ ਜ਼ੋਰ ਨਾਲ ਹੀ ਹਾਰੇਗੀ।
ਇਸ ਗੌਤਮ ਨੂੰ, ਇਸ ਯਸੂ ਨੂੰ,
ਇਸ਼ਕਾਂ ਦੇ ਪੀਰ ਪੈਗੰਬਰ ਨੂੰ,
ਇੱਕ ਅਣਦਿਸਦਾ ਪ੍ਰਮਾਣੂੰ ਕਰ।

(ਅ) ਖਤ ਆਵੇਗਾ ਬਹੁਤ ਕੁਵੇਲੇ

ਧਰਤੀਓ ਲੰਮੀ ਛਾਂ ਦਾ ਖਤ

ਚੁੱਪ ਦੇ ਸਫਿਆਂ ਉੱਤੇ ਲਿਖਿਆ

ਉੱਜੜੀ ਸੁੰਨ ਸਰਾਂ ਦਾ ਖਤ

ਇੱਕ ਬੇਨਖਸ਼ ਖਿਆਲ ਦਾ ਲਿਖਿਆ

ਤੇਰੇ ਅਸਲੀ ਨਾਂ ਦਾ ਖਤ। 5

2. ਕਿਸੇ **ਇੱਕ** ਕਵਿਤਾ ਦਾ ਸਾਰ ਜਾਂ ਕੇਂਦਰੀ ਭਾਵ ਲਿਖੋ :

(ੳ) ਧਰਤੀ ਮਾਤਾ (ਬਾਵਾ ਬਲਵੰਤ)

(ਅ) ਅਪ੍ਰਮਾਣਿਕ (ਹਰਿਭਜਨ ਸਿੰਘ)

(ੲ) ਕੰਡਿਆਲੀ ਥੋਰ੍ਹ (ਸ਼ਿਵ ਕੁਮਾਰ ਬਟਾਲਵੀ)। 5

3. ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :

(ੳ) ਕਬਰਾਂ ਤੋਂ ਸਿਵਿਆਂ ਨੂੰ (ਰਘਬੀਰ ਢੰਡ)

(ਅ) ਬਰਫ ਦਾ ਦਾਨਵ (ਜਸਵੀਰ ਭੁੱਲਰ)। 5

4. ਕਿਸੇ **ਇੱਕ** ਦਾ ਜੀਵਨ, ਰਚਨਾ ਅਤੇ ਯੋਗਦਾਨ ਬਾਰੇ ਲਿਖੋ :

(ੳ) ਸੁਰਜੀਤ ਪਾਤਰ

(ਅ) ਗੁਰਦਿਆਲ ਸਿੰਘ। 8

5. ਤੁਸੀਂ ਸ਼ਟਰਿੰਗ ਦੇ ਸਮਾਨ ਦੀ ਦੁਕਾਨ ਖੋਲ੍ਹੀ ਹੈ। ਇਸ ਸੰਬੰਧੀ ਅਖਬਾਰ ਵਿੱਚ ਦੇਣ ਲਈ ਇਸ਼ਤਿਹਾਰ ਲਿਖੋ।

**ਜਾਂ**

ਕਾਲਜ ਵਿੱਚ ਮਨਾਏ ਗਏ ਵਣ-ਮਹਾਂਉਤਸਵ ਬਾਰੇ ਪ੍ਰੈਸ ਨੋਟ ਲਿਖੋ। 8

6. ਵਿਸ਼ਰਾਮ ਚਿੰਨ੍ਹ ਲਗਾਉ :

ਪਰਮਾਤਮਾ ਨੇ ਸਭ ਜੀਅ-ਜੰਤਾਂ ਨੂੰ ਵਾਰੋ ਵਾਰੀ ਪੁੱਛਿਆ ਜੀਣ ਬਾਰੇ ਤੁਹਾਡੀ ਇੱਛਾ ਕੀ ਹੈ ਖੋਤਾ ਕਹਿਣ ਲੱਗਿਆ ਮੈਨੂੰ ਤਾਂ ਵੀਹ ਸਾਲ ਦੀ ਉਮਰ ਹੀ ਕਾਫੀ ਹੈ ਮੇਰੀ ਜ਼ਿੰਦਗੀ ਵਿੱਚ ਸੁੱਖ ਘੱਟ ਨੇ ਮੈਨੂੰ ਸਾਰਾ ਦਿਨ ਬੋਝ ਢੋਣਾ ਪੈਂਦਾ 6

7. ਹੇਠ ਲਿਖੇ ਸ਼ਬਦਾਂ ਵਿੱਚੋਂ **ਅੱਠ** ਦੇ ਪੰਜਾਬੀ ਰੂਪ ਲਿਖੋ :

(A) Unproductive Labour

(B) Zero Rate of interest

(C) Vertical Integration

(D) Tax Base

(E) Short Bills

(F) Revenue

(G) Recession

(H) Jobber

(I) Mortgage

(J) Imputed Income.

8